# AJMER SINGH AULAKH: LIFE, COMPOSITION AND IDEOLOGY

# ਅਜਮੇਰ ਸਿੰਘ ਔਲਖ: ਜੀਵਨ ਰਚਨਾ ਤੇ ਵਿਚਾਰਧਾਰਾ

**ਹਰਮਨਜੋਤ ਕੌਰ** (Harmanjot Kaur)

ਵਿਦਿਆਰਥੀ, ਐਮ.ਏ. ਪੰਜਾਬੀ (Student, MA Punjabi)

**ਗੁਰੂ ਕਾਸ਼ੀ ਕੈਂਪਸ, ਪੰਜਾਬੀ ਯੂਨੀਵਰਸਿਟੀ, ਤਲਵੰਡੀ ਸਾਬੋ (ਪੰਜਾਬ)**

**Email ID: h37339742@gmail.com ਮੋਬਾਈਲ: +91- 8264320664**

ABSTRACT

*ਅਜਮੇਰ ਸਿੰਘ ਔਲਖ ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪੇਸ਼ ਕਰਨ ਵਾਲਾ ਪੰਜਾਬੀ ਦਾ ਪ੍ਰਤੀਨਿਧ ਨਾਟਕਕਾਰ ਸੀ। ਪੰਜਾਬੀ ਇਕਾਂਗੀ ਦਾ ਇਤਿਹਾਸ ਵਾਚੀਏ ਤਾਂ ਉਸ ਵਿਚ ਅਜਮੇਰ ਔਲਖ ਦਾ ਸਥਾਨ ਖ਼ਾਸ ਅਤੇ ਵਿਲੱਖਣ ਹੈ। ਔਲਖ ਉਨ੍ਹਾਂ ਕੁੱਝ ਲੋਕਾਂ ਵਿਚੋਂ ਇਕ ਸੀ ਜਿਨ੍ਹਾਂ ਅਪਣੀ ਜ਼ਿੰਦਗੀ ਸਾਹਿਤ ਰਾਹੀਂ ਲੋਕਾਂ ਨੂੰ ਸਮਰਪਿਤ ਕੀਤੀ। ਉਹ ਸਾਹਿਤ ਅਤੇ ਖ਼ਾਸ ਕਰ ਕੇ ਨਾਟਕ ਅਤੇ ਰੰਗਮੰਚ ਦੁਆਰਾ ਲੋਕਾਂ ਨੂੰ ਚੇਤੰਨ ਕਰਨ ਲਈ ਨਿਰੰਤਰ ਕਾਰਜਸ਼ੀਲ ਰਿਹਾ। ਵਿਚਾਰਧਾਰਾਈ ਦ੍ਰਿਸ਼ਟੀ ਤੋਂ ਔਲਖ ਮਾਰਕਸਵਾਦੀ, ਪ੍ਰਗਤੀਵਾਦੀ ਧਾਰਾ ਨਾਲ ਸੰਬੰਧਤ ਸੀ ਜੋ ਸਮਾਜ ਨੂੰ ਉਚ ਨੀਚ ਰਹਿਤ ਸਿਰਜਣ ਦੀ ਕੋਸ਼ਿਸ਼ ਵੱਲ ਰੁਚਿਤ ਹੈ। ਹੱਥਲੇ ਪਰਚੇ ਦਾ ਪ੍ਰਯੋਜਨ ਔਲਖ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਸਮਝਣ ਦੇ ਨਾਲ ਨਾਲ ਉਸਦੀ ਨਾਟ ਰਚਨਾ ਨੂੰ ਜਾਣਨਾ ਵੀ ਅਤਿ ਮਹੱਤਵਪੂਰਨ ਹੈ ਇਸ ਲਈ ਉਸਦੀ ਸਮੁੱਚੀ ਨਾਟ ਰਚਨਾ ਦਾ ਵੇਰਵਾ ਵੀ ਦਿੱਤਾ ਗਿਆ ਹੈ।*

***ਕੀਵਰਡ : ਅਜਮੇਰ ਸਿੰਘ ਔਲਖ, ਨਾਟਕਕਾਰ, ਜੀਵਨ, ਰਚਨਾ, ਵਿਚਾਰਧਾਰਾ।***

ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਦੇ ਖੇਤਰ ਵਿੱਚ ਮਹੱਤਵਪੂਰਨ ਸਥਾਨ ਰੱਖਣ ਵਾਲਾ ਨਾਟਕਕਾਰ ਹੈ। ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਨਾਲ ਸਬੰਧਤ ਅਜਮੇਰ ਸਿੰਘ ਔਲਖ ਇੱਕ ਵਿਲੱਖਣ ਸ਼ਖਸੀਅਤ ਵਜੋਂ ਉੱਭਰ ਕੇ ਸਾਹਮਣੇ ਆਏ। ਉਨ੍ਹਾਂ ਦਾ ਜਨਮ 19 ਅਗਸਤ 1942 ਈ. ਨੂੰ ਪੰਜਾਬ ਦੇ ਮਾਲਵਾ ਖਿੱਤੇ ਨਾਲ ਸਬੰਧਿਤ ਪਿੰਡ ਕੁੰਭੜਵਾਲ ਜ਼ਿਲ੍ਹਾ ਸੰਗਰੂਰ (ਜੋ ਕਿ ਅੱਜਕੱਲ੍ਹ ਜ਼ਿਲ੍ਹਾ ਬਰਨਾਲਾ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਸਰਦਾਰ ਕੌਰ ਸਿੰਘ ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਹਰਨਾਮ ਕੌਰ ਸੀ। ਅਜਮੇਰ ਸਿੰਘ ਔਲਖ ਦੀ ਧਰਮ ਪਤਨੀ ਦਾ ਨਾਮ ਸ੍ਰੀਮਤੀ ਮਨਜੀਤ ਕੌਰ ਔਲਖ ਹੈ। ਉਹਨਾਂ ਦੇ ਘਰ ਤਿੰਨ ਬੇਟੀਆਂ ਨੇ ਜਨਮ ਲਿਆ। ਉਨ੍ਹਾਂ ਨੇ ਆਪਣੀਆਂ ਬੇਟੀਆਂ ਦਾ ਪਾਲਣ ਪੋਸ਼ਣ ਪੁੱਤਰਾਂ ਦੀ ਤਰ੍ਹਾਂ ਕੀਤਾ।

ਔਲਖ ਸਾਹਿਬ ਦਾ ਪਰਿਵਾਰਕ ਪਿਛੋਕੜ ਥੁੜ ਜ਼ਮੀਨਾਂ ਪਰਿਵਾਰ ਨਾਲ ਸਬੰਧਿਤ ਸੀ। ਉਨ੍ਹਾਂ ਦਾ ਬਚਪਨ ਅਤੇ ਜਵਾਨੀ ਤੰਗੀਆਂ -ਤੁਰਸ਼ੀਆਂ ਗ੍ਰਹਿਣ ਕਰਦਿਆਂ ਗੁਜ਼ਰੀ। ਇਨ੍ਹਾਂ ਨਾਜ਼ੁਕ ਹਾਲਾਤਾਂ ਦਾ ਅਸਰ ਅਜਮੇਰ ਸਿੰਘ ਔਲਖ ਦੀ ਸ਼ਖ਼ਸੀਅਤ ਉਪਰ ਪੈਣਾ ਲਾਜ਼ਮੀ ਸੀ।ਅਜਮੇਰ ਸਿੰਘ ਔਲਖ ਨੇ ਨਿਮਨ-ਕਿਸਾਨੀ ਪਰਿਵਾਰ ਵਿੱਚ ਜਨਮ ਲਿਆ ਅਤੇ ਵਿਸਵੇਦਾਰੀ ਦੇ ਜਬਰ ਦੀ ਰਹਿੰਦ-ਖੂੰਹਦ ਵਿੱਚ ਬਚਪਨ ਗੁਜ਼ਾਰਿਆ ਹੈ। ਵਿਸਵੇਦਾਰੀ ਦੇ ਵਿਰੁੱਧ ਵਿਦਰੋਹ ਕਾਰਨ ਕਦੇ ਉਸ ਲੀਡਰ ਬਣਨ ਦਾ ਅਹਿਸਾਸ ਆਪਣੇ ਅੰਦਰ ਪਾਲਿਆ ਅਤੇ ਕਦੀ ਆਪਣੇ ਵਿਦਰੋਹੀ ਵਿਚਾਰ ਕਵਿਤਾ ਅਤੇ ਨਾਵਲ ਰਾਹੀਂ ਜ਼ਾਹਿਰ ਕੀਤੇ।ਉਨ੍ਹਾਂ ਦੇ ਦਾਦੇ-ਪੜਦਾਦੇ ਮੁਜ਼ਾਰਿਆਂ ਵਜੋਂ ਖੇਤਾਂ ਵਿੱਚ ਕੰਮ ਕਰਦੇ ਸਨ। ਉਨ੍ਹਾਂ ਦੇ ਦਾਦਾ ਜੀ ਮੁਜ਼ਾਰਾ ਕੰਮ ਕਰਦੇ ਪਿੰਡ ਕਿਸ਼ਨਗੜ੍ਹ ਫਰਮਾਹੀ (ਅੱਜ ਕੱਲ੍ਹ ਜ਼ਿਲ੍ਹਾ ਮਾਨਸਾ) ਆ ਵਸੇ ਸਨ। ਉਨ੍ਹਾਂ ਦੇ ਨਾਲ ਹੀ ਸਾਰਾ ਔਲਖ ਪਰਿਵਾਰ ਇੱਥੇ ਆ ਕੇ ਵਸ ਗਿਆ। ਮੁਜ਼ਾਰਾ ਪ੍ਰਬੰਧ ਖੇਤੀਬਾੜੀ ਨਾਲ ਸਬੰਧਿਤ ਸੀ, ਜਿਸ ਵਿੱਚ ਵੱਡੇ ਜ਼ਿਮੀਂਦਾਰਾਂ ਦੁਆਰਾ ਛੋਟੇ ਕਿਸਾਨਾਂ ਜਾਂ ਮਜ਼ਦੂਰਾਂ ਨੂੰ ਖੇਤੀ ਕਰਨ ਲਈ ਵਾਹਨ ਜਾਂ ਜ਼ਮੀਨ ਦਿੱਤੀ ਜਾਂਦੀ ਸੀ। ਉਸ ਜ਼ਮੀਨ ਦੀ ਮਾਲਕੀ ਵੱਡੇ ਜ਼ਿਮੀਂਦਾਰ ਕੋਲ ਹੀ ਸੀ ਅਤੇ ਛੋਟਾ ਕਿਸਾਨ ਉਸ ਜ਼ਮੀਨ ਵਿੱਚ ਖੇਤੀ ਕਰਦਾ ਸੀ ਤੇ ਫਸਲ ਦਾ ਵੱਡਾ ਹਿੱਸਾ ਉਸ ਜ਼ਿਮੀਂਦਾਰ ਨੂੰ ਦਿੰਦਾ ਸੀ ਅਤੇ ਬਾਕੀ ਬਚਦਾ ਥੋੜ੍ਹਾ ਹਿੱਸਾ, ਉਹ ਕਿਸਾਨ ਆਪਣੇ ਕੋਲ ਰੱਖਦਾ ਸੀ। ਇਸ ਤਰ੍ਹਾਂ ਇਹ ਮੁਜ਼ਾਰਾ ਪ੍ਰਬੰਧ ਅਧੀਨ ਛੋਟੇ ਕਿਸਾਨ ਅਤੇ ਵੱਡੇ ਜ਼ਿਮੀਂਦਾਰ ਦਾ ਖੇਤੀਬਾੜੀ ਨਾਲ ਜੁੜਿਆ ਹੋਇਆ ਇਕ ਤਰਸਯੋਗ ਢਾਂਚਾ ਸੀ। ਇਨ੍ਹਾਂ ਗੱਲਾਂ ਦਾ ਸਪੱਸ਼ਟੀਕਰਨ ਅਜਮੇਰ ਸਿੰਘ ਔਲਖ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਖੁਦ ਕਰਦੇ ਹਨ:-

> *"ਮੇਰਾ ਪਿੰਡ ਕਿਸ਼ਨਗੜ੍ਹ ਫਰਮਾਹੀ ਇੱਕ ਮੁਜ਼ਾਰਾ ਪਿੰਡ ਸੀ, ਜਿੱਥੇ ਸਾਡੇ ਪਰਿਵਾਰ ਸਮੇਤ ਪਿੰਡ ਦੇ ਬਾਕੀ ਕਿਸਾਨ ਪਰਿਵਾਰ ਪਿੰਡ ਦੇ ਜਗੀਰਦਾਰਾਂ ਦੀ ਜ਼ਮੀਨ ਉੱਤੇ ਮੁਜ਼ਾਰਿਆਂ ਦੇ ਰੂਪ ਵਿੱਚ ਖੇਤੀ ਦਾ ਕੰਮ*

*ਕਰਦੇ ਸਨ।*[4]

ਇਸ ਤਰ੍ਹਾਂ ਕੰਮ-ਧੰਦਿਆਂ ਵਿੱਚ ਰੁੱਝੇ ਹੋਏ ਔਲਖ ਸਾਹਿਬ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਚੋਂ ਪ੍ਰਾਪਤ ਕੀਤੀ। ਅਗਲੇਰੀ ਪੜ੍ਹਾਈ ਕਰਨ ਲਈ ਉਹ ਨੇੜੇ ਦੇ ਕਸਬੇ ਭਿੱਖੀ ਵਿਖੇ ਸਰਕਾਰੀ ਹਾਈ ਸਕੂਲ ਵਿੱਚ ਭਰਤੀ ਹੋਏ। ਮੁਜ਼ਾਰਾ ਪ੍ਰਣਾਲੀ ਦਾ ਪ੍ਰਭਾਵ ਔਲਖ ਦੇ ਮਨ ਉੱਤੇ ਬਚਪਨ ਤੋਂ ਹੀ ਪੈਣਾ ਸ਼ੁਰੂ ਹੋ ਗਿਆ ਸੀ । ਔਲਖ ਦਾ ਪਰਿਵਾਰ ਮੁਜ਼ਾਰਾ ਪ੍ਰਬੰਧ ਅਧੀਨ ਖੇਤੀਬਾੜੀ ਕਰਦਾ ਸੀ ਅਤੇ ਉਨ੍ਹਾਂ ਹਾਲਾਤਾਂ ਤੋਂ ਉਹ ਭਲੀ ਭਾਂਤ ਜਾਣੂ ਸੀ। ਉਸ ਨੂੰ ਆਪਣੇ ਬਚਪਨ ਦੇ ਦਿਨਾਂ ਵਿੱਚ ਹੀ ਸਮਝ ਆ ਗਈ ਸੀ, ਕਿ ਸਮਾਜਿਕ ਕਾਣੀ ਵੰਡ ਕਿਸੇ ਇੱਕ ਧਿਰ ਲਈ ਫ਼ਾਇਦੇਮੰਦ ਹੋ ਸਕਦੀ ਹੈ, ਪਰ ਕਿਸੇ ਦੂਜੀ ਧਿਰ ਲਈ ਖਤਰਨਾਕ ਸਾਬਿਤ ਹੁੰਦੀ ਹੈ। ਇਨ੍ਹਾਂ ਦਿਨਾਂ ਤੋਂ ਹੀ ਔਲਖ ਦੇ ਮਨ ਅੰਦਰ ਬੇਚੈਨੀ ਘਰ ਕਰ ਗਈ । ਉਨ੍ਹਾਂ ਨੇ ਇਸ ਸਮਾਜਿਕ ਨਾ ਬਰਾਬਰੀ ਵਾਲੇ ਸਮਾਜ ਬਾਰੇ ਆਪਣੇ ਪ੍ਰਾਇਮਰੀ ਵਿੱਦਿਆ ਦੇ ਦਿਨਾਂ ਵਿੱਚ ਹੀ ਲਿਖਣਾ ਤੇ ਗਾਉਣਾ ਸ਼ੁਰੂ ਕਰ ਦਿੱਤਾ ਸੀ।

ਇਸ ਸਮੇਂ ਮੁਜ਼ਾਰਾ ਕਿਸਾਨ,ਕਿਰਤੀਆਂ ਅਤੇ ਜਗੀਰਦਾਰਾਂ ਵਿੱਚ ਆਪਸੀ ਖਿੱਚੋਤਾਣ ਚੱਲ ਰਹੀ ਸੀ। ਮੁਜ਼ਾਰਾ ਪਰਿਵਾਰ ਜਿਨ੍ਹਾਂ ਜ਼ਮੀਨਾਂ ਉੱਪਰ ਖੇਤੀ ਕਰਦੇ ਸਨ, ਉਨ੍ਹਾਂ ਜ਼ਮੀਨਾਂ ਉੱਪਰ ਉਹ ਆਪਣਾ ਹੱਕ ਸਮਝਣ ਲੱਗੇ। ਜਗੀਰਦਾਰਾਂ ਨੂੰ ਇਹ ਗੱਲ ਬਿਲਕੁਲ ਵੀ ਪਸੰਦ ਨਹੀਂ ਸੀ। ਮੁਜ਼ਾਰਿਆਂ ਅਤੇ ਜਗੀਰਦਾਰਾਂ ਦਰਮਿਆਨ ਇੱਕ ਤਿੱਖਾ ਸੰਘਰਸ਼ ਚੱਲਿਆ। ਇਸ ਸੰਘਰਸ਼ ਨੇ ਔਲਖ ਨੂੰ ਕਾਫੀ ਪ੍ਰਭਾਵਿਤ ਕੀਤਾ। ਔਲਖ ਨੇ ਆਪਣੇ ਸਕੂਲ ਦੇ ਦੋਸਤਾਂ ਨਾਲ ਮਿਲ ਕੇ ਜਗੀਰਦਾਰੀ ਪ੍ਰਬੰਧ ਦੀਆਂ ਜੋ ਵਧੀਕੀਆਂ ਪੇਸ਼ ਆ ਰਹੀਆਂ ਸਨ, ਉਨ੍ਹਾਂ ਖਿਲਾਫ ਡਟ ਕੇ ਪਹਿਰਾ ਦਿੱਤਾ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਤੇ ਗੀਤਾਂ ਰਾਹੀਂ ਕਿਰਤੀ ਕਿਸਾਨਾਂ ਦੀ ਆਵਾਜ਼ ਬੁਲੰਦ ਕੀਤੀ।

ਇਸ ਤਰ੍ਹਾਂ ਅਜਮੇਰ ਸਿੰਘ ਔਲਖ ਛੋਟੀ ਉਮਰੇ ਹੀ ਕਮਿਊਨਿਸਟਾਂ ਦੀ ਸਟੇਜ 'ਤੇ ਗਾਉਣ ਲੱਗ ਪਿਆ ਸੀ ਅਤੇ ਦਸ ਕੁ ਸਾਲ ਦੀ ਨਿੱਕੀ ਜਿਹੀ ਉਮਰ ਵਿੱਚ ਉਸ ਨੇ ਕਵਿਤਾ ਲਿਖ ਦਿੱਤੀ ਸੀ। ਭਿੱਖੀ ਦੇ ਸਰਕਾਰੀ ਸਕੂਲ ਵਿੱਚ ਇੱਕ ਸਾਹਿਤਕ ਸਭਾ ਸਥਾਪਿਤ ਕੀਤੀ ਗਈ ਅਤੇ ਉਸ ਸਭਾ ਦਾ ਮੋਢੀ ਅਜਮੇਰ ਸਿੰਘ ਔਲਖ ਨੂੰ ਬਣਾਇਆ ਗਿਆ। ਸੰਘਰਸ਼ੀ ਰਾਹਾਂ 'ਤੇ ਚੱਲਣ ਦੇ ਨਾਲ-ਨਾਲ ਅਜਮੇਰ ਸਿੰਘ ਔਲਖ ਪੜ੍ਹਾਈ ਵੀ ਉੱਤਮ ਦਰਜ਼ੇ ਦੀ ਕਰਦਾ ਸੀ। ਦਸਵੀਂ ਜਮਾਤ ਉਨ੍ਹਾਂ ਨੇ 1958 ਈ. ਵਿੱਚ ਕੀਤੀ ਸੀ ਅਤੇ ਪੂਰੇ ਪਿੰਡ ਵਿੱਚੋਂ ਸਭ ਤੋਂ ਵੱਧ ਅੰਕਾਂ ਨਾਲ ਪ੍ਰਾਪਤ ਕਰਨ ਦਾ ਮਾਨ ਵੀ ਉਹਨਾਂ ਨੂੰ ਹੀ ਹਾਸਿਲ ਹੈ। ਇਸ ਤੋਂ ਬਾਅਦ ਉਹਨਾਂ ਨੇ ਗਿਆਨੀ ਦੀ ਪੜ੍ਹਾਈ ਪ੍ਰਾਪਤ ਕੀਤੀ । ਉਹਨਾਂ ਦੀ ਪੜ੍ਹਾਈ ਵਿੱਚ ਰੁਚੀ ਸਦਕਾ ਹੀ ਉਹ ਲਗਾਤਾਰ ਪੜ੍ਹਦੇ ਰਹੇ। ਉਹਨਾਂ ਅੰਦਰ ਕੁਝ ਬਨਣ ਦੀ ਹਮੇਸ਼ਾ ਹੀ ਪ੍ਰਬਲ ਇੱਛਾ ਰਹੀ,ਜਿਸ ਸਦਕਾ ਪੜ੍ਹਾਈ ਅੱਗੇ ਦੀ ਅੱਗੇ ਤੁਰਦੀ ਗਈ। ਉਹਨਾਂ ਨੇ ਬੀ.ਏ. ਦੀ ਪੜ੍ਹਾਈ 1963 ਈ. ਵਿੱਚ ਪ੍ਰਾਪਤ ਕੀਤੀ। ਪੜ੍ਹਾਈ ਦੇ ਨਾਲ ਹੀ ਉਹਨਾਂ ਦਾ ਸਾਹਿਤਕ ਸਫ਼ਰ ਨਾਲੋ-ਨਾਲ ਚਲਦਾ ਰਿਹਾ। ਉਹ ਕਦੇ ਕਵਿਤਾ,ਗੀਤ ਤੇ ਸੰਘਰਸ਼ੀ ਰਾਹਾਂ 'ਤੇ ਚੱਲਣ ਵਾਲੀਆਂ ਕਹਾਣੀਆਂ ਸਿਰਜਦੇ ਰਹੇ। ਸਮੇਂ ਦੇ ਬੀਤਣ ਨਾਲ 1965 ਈ. ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉਹਨਾਂ ਨੇ ਐਮ.ਏ. ਪੰਜਾਬੀ ਦੀ ਡਿਗਰੀ ਵੀ ਪ੍ਰਾਪਤ ਕਰ ਲਈ। ਐਮ.ਏ.ਪੰਜਾਬੀ ਦੀ ਡਿਗਰੀ ਹਾਸਿਲ ਕਰਨ ਤੋਂ ਬਾਅਦ ਹੀ ਆਪ 1965 ਈ. ਵਿੱਚ ਮਾਨਸਾ ਦੇ ਨਹਿਰੂ ਮੈਮੋਰੀਅਲ ਕਾਲਜ ਵਿਖੇ ਪੰਜਾਬੀ ਦੇ ਅਧਿਆਪਕ ਵਜੋਂ ਸੇਵਾਵਾਂ ਨਿਭਾਉਣ ਲੱਗੇ । ਚੀਨ ਦੇ ਖੇਤੀ ਸੰਘਰਸ਼ ਤਾਉਵਾਦ ਦਾ ਔਲਖ ਦੀ ਸਖਸ਼ੀਅਤ ਵਿੱਚ ਗਹਿਰਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ।

ਔਲਖ ਸਾਹਿਬ ਵਿੱਚ ਇਹ ਗੱਲ ਖ਼ਾਸ ਸੀ ਕਿ ਜੋ ਵੀ ਕੰਮ ਉਨ੍ਹਾਂ ਨੇ ਕੀਤਾ, ਉਹ ਪੂਰੀ ਸ਼ਿੱਦਤ ਨਾਲ ਕੀਤਾ। ਉਨ੍ਹਾਂ ਨੇ ਆਪਣੀ ਨੌਕਰੀ ਦਰਮਿਆਨ ਵੀ ਕਮਿਊਨਿਸਟ ਲਹਿਰਾਂ ਨਾਲ ਨਾਤਾ ਜੋੜੀ ਰੱਖਿਆ । ਉਸ ਸਮੇਂ ਨਕਸਲਬਾੜੀ ਲਹਿਰ ਦਾ ਪੰਜਾਬ ਵਿੱਚ ਕਾਫ਼ੀ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਇਸ ਲਹਿਰ ਦਾ ਤਿੱਖਾ ਪ੍ਰਭਾਵ ਔਲਖ ਦੀ ਸ਼ਖ਼ਸੀਅਤ ਉੱਪਰ ਵੀ ਪਿਆ। ਔਲਖ ਵੱਡੇ-ਵੱਡੇ ਸੰਮੇਲਨਾਂ ਦੀਆਂ ਸਟੇਜਾਂ ਤੋਂ ਕਿਰਤੀ, ਕਿਸਾਨਾਂ ਦੇ ਹੱਕਾਂ ਦੀ ਆਵਾਜ਼ ਬਣਦਾ ਰਿਹਾ। ਉੱਥੇ ਨਕਸਲਵਾੜੀ ਕਵੀ ਅਵਤਾਰ ਪਾਸ਼ ਨਾਲ ਵੀ ਉਨ੍ਹਾਂ ਦਾ ਮੇਲ ਅਕਸਰ ਸੰਮੇਲਨਾਂ ਵਿੱਚ ਹੋਇਆ ਕਰਦਾ ਸੀ। ਇਸ ਸਮੇਂ ਦੌਰਾਨ ਹੀ ਔਲਖ ਨੇ ਰੂਸੀ ਸਾਹਿਤ ਦਾ ਅਧਿਐਨ ਵੀ ਕੀਤਾ। ਵਿਸ਼ਵ ਭਰ ਦੇ ਪ੍ਰਸਿੱਧ ਕ੍ਰਾਂਤੀਕਾਰੀ ਚਿੰਤਕਾਂ ਰਸੂਲ ਹਮਜ਼ਾਤੋਵ, ਮੈਕਸਿਮ ਗੋਰਕੀ, ਦੋਸਤੋਵਸਕੀ, ਕਾਰਲ ਮਾਰਕਸ, ਲੈਨਿਨ ਅਤੇ ਮਾਓ-ਜੇ-ਤੁੰਗ ਆਦਿ ਦੇ ਫਲਸਫਿਆਂ ਦਾ ਅਧਿਐਨ ਕੀਤਾ। ਔਲਖ ਸਾਹਿਬ ਅਧਿਆਪਕ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਉਂਦੇ ਹੋਏ, ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਖੇ ਹੀ 31 ਅਗਸਤ, 2000 ਈ. ਨੂੰ ਸੇਵਾਮੁਕਤ ਹੋ ਗਏ। ਆਪਣੀ ਨੌਕਰੀ ਦੀ ਸੇਵਾਮੁਕਤੀ ਤੋਂ ਬਾਅਦ ਵੀ ਅਜਮੇਰ ਸਿੰਘ ਔਲਖ ਕਮਿਊਨਿਸਟ ਸਰਗਰਮੀਆਂ, ਰੰਗਮੰਚ ਅਤੇ ਸਾਹਿਤਕ ਖੇਤਰ ਨਾਲ ਆਪਣਾ ਲਗਾਅ ਰੱਖਦੇ ਹੋਏ, ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਜੂਝਦੇ ਹੋਏ 15 ਜੂਨ,2017 ਈ. ਨੂੰ ਇਸ ਸੰਸਾਰ ਤੋਂ ਚਲੇ ਗਏ।

ਅਜਮੇਰ ਸਿੰਘ ਔਲਖ ਨੇ ਆਪਣੀ ਸਾਹਿਤਕ ਯਾਤਰਾ ਬਚਪਨ ਤੋਂ ਹੀ ਸ਼ੁਰੂ ਕਰ ਦਿੱਤੀ ਸੀ। ਅਕਸਰ ਹੀ ਦੇਖਿਆ ਜਾਂਦਾ ਹੈ ਕਿ ਇਹੋ ਜਿਹੀ ਮਹਾਨ ਪ੍ਰਤਿਭਾ ਵਾਲੀਆਂ ਸ਼ਖ਼ਸੀਅਤਾਂ ਵਿੱਚ ਅਜਿਹੇ ਗੁਣ ਜਨਮ-ਜਾਤ ਹੀ ਹੁੰਦੇ ਹਨ। ਔਲਖ ਸਾਹਿਬ ਨੇ ਆਪਣੀ ਸਾਹਿਤਕ ਸਿਰਜਣਾ ਦੀ ਸ਼ੁਰੂਆਤ ਬਾਰੇ ਖ਼ੁਦ ਹੀ ਲਿਖਿਆ ਹੈ:-

*"ਸਾਹਿਤ-ਸਿਰਜਣ ਦੀ ਮਾਨਸਿਕਤਾ ਤਾਂ ਹੋਰ ਲੇਖਕਾਂ ਵਾਂਗ ਮੈਨੂੰ ਵੀ ਜਨਮ ਤੋਂ ਹੀ ਕੁਦਰਤ ਵੱਲੋਂ ਨਸੀਬ ਹੋਈ ਸੀ, ਪਰ ਇਸ ਮਾਨਸਿਕਤਾ ਅਧੀਨ ਮੈਂ ਪਹਿਲਾਂ ਨਾਟਕ ਨਹੀਂ, ਕਵਿਤਾ ਜਾਂ ਗੀਤ ਲਿਖਣੇ ਸ਼ੁਰੂ ਕੀਤੇ ਸੋ, ਆਪਣੇ ਸਾਹਿਤਕ ਸਫ਼ਰ ਦੀ ਗੱਲ ਪਹਿਲਾਂ ਮੈਂ ਆਪਣੇ ਗੀਤ (ਕਵਿਤਾ) ਲਿਖਣ ਤੋਂ ਹੀ ਕਰਦਾ ਹਾਂ।"*[2]

ਉਨ੍ਹਾਂ ਨੇ ਮਹਿਜ਼ ਦਸ ਕੁ ਸਾਲ ਦੀ ਉਮਰ ਵਿੱਚ ਗੀਤ ਲਿਖਿਆ ਜੋ ਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕਮਿਊਨਿਸਟ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਗਾਇਆ ਜਾਂਦਾ ਰਿਹਾ। ਇਸ ਗੀਤ ਦੀਆਂ ਸਤਰਾਂ ਨਿਮਨ ਕਿਸਾਨੀ ਦੇ ਦੁੱਖਾਂ-ਦਰਦਾਂ ਨੂੰ ਬਿਆਨ ਕਰਦੀਆਂ ਹਨ। ਔਲਖ ਮੁਜ਼ਾਰਾ ਪਰਿਵਾਰ ਨਾਲ ਸਬੰਧਿਤ ਹੋਣ ਕਾਰਨ ਬਚਪਨ ਤੋਂ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਸੀ। ਜਗੀਰਦਾਰਾਂ ਦੀਆਂ ਵਧੀਕੀਆਂ ਨੂੰ ਕਿਰਤੀ, ਕਿਸਾਨ ਕਿਵੇਂ ਆਪਣੇ ਪਿੰਡੇ 'ਤੇ ਹੰਢਾਉਂਦੇ ਸਨ, ਉਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਉਨ੍ਹਾਂ ਨੇ ਆਪਣੇ ਇਸ ਗੀਤ ਰਾਹੀਂ ਪੇਸ਼ ਕੀਤਾ ਹੈ। ਗੀਤ ਅਤੇ ਕਵਿਤਾ ਲਿਖਣ ਤੋਂ ਇਲਾਵਾ ਔਲਖ ਨੇ ਕਹਾਣੀਆਂ ਲਿਖਣ ਵਿੱਚ ਵੀ ਆਪਣਾ ਹੱਥ ਅਜ਼ਮਾਇਆ ਇਸ ਦੇ ਨਾਲ- ਨਾਲ ਉਨ੍ਹਾਂ ਨੇ ਲਗਪਗ 1958 ਈ. ਦੇ ਨੇੜੇ- ਤੇੜੇ ਇੱਕ ਨਾਵਲ ਲਿਖਿਆ, ਜਿਸਦਾ ਨਾਮ 'ਹਰਾਮਜ਼ਾਦਾ ਉਰਫ ਜਗੀਰਦਾਰ' ਸੀ। ਇਸ ਨਾਵਲ ਦਾ ਵਿਸ਼ਾ ਜ਼ਮੀਨੀ ਵਿਵਾਦ ਨਾਲ ਜੁੜਿਆ ਹੋਇਆ ਸੀ। ਕਿਸਾਨੀ ਸੰਘਰਸ਼ਾਂ ਦੀ ਬਾਤ ਪਾਉਂਦਾ ਇਹ ਨਾਵਲ ਜਗੀਰਦਾਰੀ ਵਿਵਸਥਾ ਦੀ ਵਿਰੋਧਤਾ ਕਰਦਾ ਹੈ। ਉਨ੍ਹਾਂ ਦਾ ਇਹ ਨਾਵਲ ਹੱਥ- ਲਿਖਤ ਤਕ ਹੀ ਸੀਮਤ ਰਿਹਾ ਤੇ ਇਸ ਨਾਲ ਨਾਵਲ ਨੂੰ ਪ੍ਰਕਾਸ਼ਿਤ ਨਾ ਕੀਤਾ ਗਿਆ।

ਔਲਖ ਸਾਹਿਬ ਨੇ ਐਮ. ਏ. ਪੰਜਾਬੀ ਦੀ ਪੜ੍ਹਾਈ ਉਪਰੰਤ ਇੱਕ ਕਹਾਣੀ ਲਿਖੀ 'ਸ੍ਰੀਮਤੀ ਜੀ ਤੋਬਾ' ਜੋ ਕਿ ਉਨ੍ਹਾਂ ਦੀ ਪਹਿਲੀ ਪ੍ਰਕਾਸ਼ਤ ਰਚਨਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਵੀ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚੋਂ ਇਕ 'ਮੋੜ' ਨਾਮ ਦੀ ਕਹਾਣੀ ਹੈ, ਜੋ ਕੇ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਵੀ ਛਪਦੀ ਰਹੀ ਹੈ। ਇਨ੍ਹਾਂ ਦਿਨਾਂ ਦੌਰਾਨ ਔਲਖ ਨੇ ਇੱਕ ਕਵਿਤਾ 'ਉਸ ਰਾਤ ਪਏ ਭੌਂਕਣ ਕੁੱਤੇ' ਵੀ ਲਿਖੀ। ਭਾਵੇਂ ਅਜਮੇਰ ਔਲਖ ਨਾਟਕਕਾਰ ਦੇ ਤੌਰ 'ਤੇ ਮਕਬੂਲ ਹੋਏ, ਪ੍ਰੰਤੂ ਫਿਰ ਵੀ ਉਨ੍ਹਾਂ ਨੇ ਆਪਣੇ ਸਾਹਿਤ ਦੇ ਸ਼ੁਰੂਆਤੀ ਦੌਰ ਵਿੱਚ ਇਹ ਰਚਨਾਵਾਂ ਲਿਖੀਆਂ। ਇਹ ਰਚਨਾਵਾਂ ਉਨ੍ਹਾਂ ਦੇ ਸਾਹਿਤਕ ਸਫ਼ਰ ਲਈ ਮੀਲ ਪੱਥਰ ਦਾ ਕਾਰਜ ਕਰਦੀਆਂ ਹਨ।

ਅਜਮੇਰ ਸਿੰਘ ਔਲਖ ਜਦੋਂ ਤੋਂ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਖੇ ਅਧਿਆਪਕ ਦੇ ਤੌਰ 'ਤੇ ਕਾਰਜ ਕਰਨ ਲੱਗੇ, ਤਾਂ ਉਸੇ ਸਮੇਂ ਤੋਂ ਹੀ ਰੰਗਮੰਚ ਤੇ ਨਾਟਕ ਨਾਲ ਨੇੜਲਾ ਸਬੰਧ ਰੱਖਦੇ ਸਨ। ਉਨ੍ਹਾਂ ਨੇ ਕਾਲਜ ਦੀਆਂ ਸਭਿਆਚਾਰਕ ਗਤੀਵਿਧੀਆਂ ਨੂੰ ਤੇਜ਼ ਕੀਤਾ ਤੇ ਆਪਣੇ ਵਿਦਿਆਰਥੀਆਂ ਨੂੰ ਰੰਗਮੰਚ ਨਾਲ ਜੋੜਿਆ। ਇਹ ਉਹ ਦੌਰ ਸੀ ਜਦੋਂ ਨਾਟਕ ਦੀ ਤੀਜੀ ਪੀੜ੍ਹੀ ਦੇ ਨਾਟਕਕਾਰ ਅਜਮੇਰ ਔਲਖ ਨੇ ਨਾਟਕ ਦੇ ਖੇਤਰ ਵਿੱਚ ਉਡਾਣ ਭਰੀ ਸੀ। ਮਾਲਵੇ ਖੇਤਰ ਨਾਲ ਸਬੰਧਿਤ ਔਲਖ ਸਾਹਿਬ ਨੇ ਆਪਣੇ ਨਾਟਕਾਂ ਵਿੱਚ ਮਲਵਈ ਅੰਸ਼ਾਂ ਦਾ ਬਾਖ਼ੂਬੀ ਰੰਗ ਬੰਨ੍ਹਿਆ ਹੈ। ਪੰਜਾਬੀ ਨਾਟਕ ਵਿੱਚ ਔਲਖ ਸਾਹਿਬ ਨੇ ਨਵੀਆਂ ਪਿਰਤਾਂ ਪਾਈਆਂ। ਪੰਜਾਬੀ ਨਾਟਕ ਨੂੰ ਪਿੰਡਾਂ ਦੀਆਂ ਸੱਥਾਂ, ਮੋੜਾਂ ਤੇ ਥੜਿਆਂ ਤੱਕ ਪਹੁੰਚਦਾ ਕੀਤਾ। ਉਹਨਾਂ ਨੇ ਮਾਲਵਾ ਖੇਤਰ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਰਾਹੀਂ ਉਘਾੜਿਆ। ਉਹਨਾਂ ਨੇ ਆਪਣੇ ਨਾਟਕਾਂ ਰਾਹੀਂ ਮਲਵਈ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ, ਥੁੜ ਜ਼ਮੀਨੇ ਕਿਸਾਨਾਂ ਦੀ ਦਾਸਤਾਨ, ਮਾੜੀ ਆਰਥਿਕ ਸਥਿਤੀ ਕਾਰਨ ਟੁੱਟਦੇ ਰਿਸ਼ਤਿਆਂ, ਅਣਗੌਲੇ ਪਾਤਰਾਂ, ਮਿਹਨਤਕਸ਼ ਤੇ ਕਿਰਤੀ ਲੋਕਾਂ ਦੀ ਤਰਾਸ਼ਦੀ, ਜਾਤੀ-ਜਮਾਤੀ ਸੰਘਰਸ਼ਾਂ, ਸਰਮਾਏਦਾਰੀ ਪ੍ਰਬੰਧ ਦੀ ਵਿਰੋਧਤਾ ਆਦਿ ਵਿਸ਼ਿਆਂ ਨੂੰ ਪੇਸ਼ ਕੀਤਾ।

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿੱਚ ਯਥਾਰਥਵਾਦੀ ਚਿਤਰਣ ਦੀ ਪੇਸ਼ਕਾਰੀ ਕੀਤੀ ਹੈ। ਉਨ੍ਹਾਂ ਨੇ ਜੋ ਕੁਝ ਆਪਣੇ ਨੇੜੇ ਦੇਖਿਆ ਤੇ ਤਜਰਬਾ ਹਾਸਲ ਕੀਤਾ, ਉਨ੍ਹਾਂ ਤੱਥਾਂ ਨੂੰ ਹੀ ਆਧਾਰ ਬਣਾ ਕੇ ਨਾਟਕੀ ਕਲਾ ਰਾਹੀਂ ਆਪਣੇ ਦਰਸ਼ਕਾਂ ਅੱਗੇ ਪਰੋਸਿਆ। ਔਲਖ ਦੀ ਸਿੱਧ- ਪੱਧਰੀ ਬੋਲੀ ਮਾਲਵੇ ਦੀ ਆਂਚਲਿਕਤਾ ਦਾ ਜਿਉਂਦਾ ਜਾਗਦਾ ਸਬੂਤ ਹੈ। ਔਲਖ ਦੀ ਨਾਟ ਕਲਾ ਅਤੇ ਦਰਸ਼ਕਾਂ ਦਰਮਿਆਨ ਐਨਾ ਨੇੜੇ ਦਾ ਸਬੰਧ ਹੋਣਾ ਵੀ ਔਲਖ ਲਈ ਇੱਕ ਵੱਡੀ ਪ੍ਰਾਪਤੀ ਮੰਨੀ ਜਾ ਸਕਦੀ ਹੈ। ਔਲਖ ਜੋ ਕੁਝ ਆਪਣੇ ਨਾਟਕਾਂ ਦੇ ਪਿੰਡੇ ਵਿਚੋਂ ਦਿਖਾਉਣਾ ਚਾਹੁੰਦਾ ਹੈ, ਉਸ ਦੇ ਦਰਸ਼ਕ ਉਹ ਸਭ ਕੁਝ ਦੇਖਣ ਲਈ ਪਹਿਲਾਂ ਤੋਂ ਹੀ ਪੱਬਾਂ ਭਾਰ ਹੋਏ ਹੁੰਦੇ ਹਨ। ਇਸ ਗੱਲ ਦਾ ਵੱਡਾ ਕਾਰਨ ਔਲਖ ਆਪਣੇ ਨਾਟਕਾਂ ਦੇ ਦਰਸ਼ਕਾਂ ਨੂੰ ਭਲੀ- ਭਾਂਤ ਸਮਝਦਾ ਹੈ ਕਿ ਉਹ ਕੀ ਦੇਖਣਾ ਤੇ ਸੁਣਨਾ ਪਸੰਦ ਕਰਦੇ ਹਨ। ਇਸ ਤਰ੍ਹਾਂ ਦਰਸ਼ਕਾਂ ਅਤੇ ਪਾਠਕਾਂ ਦੀ ਮਾਨਸਿਕ ਸਥਿਤੀ ਨੂੰ ਸਮਝਦਾ ਹੋਇਆ ਔਲਖ ਉਹ ਸਭ ਕੁਝ ਆਪਣੀ ਕਲਮ ਰਾਹੀਂ ਨਾਟਕਾਂ ਦਾ ਮੂੰਹ- ਮੁਹਾਂਦਰਾ ਤਿਆਰ ਕਰਦਾ ਹੈ।

ਅਜਮੇਰ ਔਲਖ ਬਾਰੇ ਇਹ ਧਾਰਨਾ ਰੂੜ ਹੋ ਚੁੱਕੀ ਹੈ ਕਿ ਉਹ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਦਾ ਚਿਤਰਣ ਕਰਨ ਵਾਲਾ ਨਿਵੇਕਲਾ ਨਾਟਕਕਾਰ ਹੈ, ਪ੍ਰੰਤੂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਔਲਖ ਨੇ ਸਮਾਜ ਦੀ ਹਰ ਸ਼ੋਸ਼ਿਤ ਜਮਾਤ ਦੀ ਸਮੱਸਿਆ ਨੂੰ ਅਤਿ-ਸੰਵੇਦਨਸ਼ੀਲ ਚੇਤਨਾ ਰਾਹੀਂ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਅਜਮੇਰ ਔਲਖ ਬਾਰੇ ਕੇਸਰ ਸਿੰਘ ਕੇਸਰ ਦੁਆਰਾ ਹੇਠ ਲਿਖੀਆਂ ਲਾਈਨਾਂ ਦਾ ਵੇਰਵਾ ਪੇਸ਼ ਹੈ:-

*"ਅਜਮੇਰ ਸਿੰਘ ਔਲਖ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਉਹ*

*ਕਿਸਾਨੀ ਦੇ ਸੱਭਿਆਚਾਰਕ ਸੰਕਟ ਦਾ ਨਾਟਕਕਾਰ ਹੈ। ਪਰ ਮੇਰੇ ਵਿਚਾਰ ਵਿੱਚ ਉਸ ਦੀ ਪਹੁੰਚ ਕੇਵਲ ਸੱਭਿਆਚਾਰ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇਸ ਦੇ ਪਿੱਛੇ ਕੰਮ ਕਰ ਰਹੀਆਂ ਆਰਥਿਕ ਸ਼ਕਤੀਆਂ, ਨਿੱਜੀ ਜਾਇਦਾਦ 'ਤੇ ਆਧਾਰਿਤ ਸਮਾਜਿਕ ਬਣਤਰ ਅਤੇ ਮਨੁੱਖ ਦੇ ਸ਼ੋਸ਼ਣ ਤੱਕ ਪਹੁੰਚਦੀ ਹੈ।"*[3]

ਇਨ੍ਹਾਂ ਦਲੀਲਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਅਜਮੇਰ ਸਿੰਘ ਔਲਖ ਆਪਣੀਆਂ ਨਾਟ-ਰਚਨਾਵਾਂ ਵਿੱਚ ਵਿਸ਼ਿਆਂ ਦੀ ਵਿਭਿੰਨਤਾ ਨੂੰ ਤਨਦੇਹੀ ਨਾਲ ਨਿਭਾਉਂਦਾ ਹੈ। ਉਨ੍ਹਾਂ ਦੇ ਨਾਟਕਾਂ ਵਿਚ ਪ੍ਰਸਤੁਤ ਪਾਤਰ ਘੜੇ-ਘੜਾਏ ਨਹੀਂ ਹੁੰਦੇ,ਸਗੋਂ ਉਹ ਆਪਣੇ ਪਾਤਰਾਂ ਨੂੰ ਨੇੜਲੇ ਤਜਰਬੇ ਵਿੱਚੋਂ ਉਘਾੜਦਾ ਹੈ। ਉਨ੍ਹਾਂ ਦੀਆਂ ਹੁਣ ਤੱਕ ਆ ਚੁੱਕੀਆਂ ਨਾਟ-ਰਚਨਾਵਾਂ ਹੇਠ ਲਿਖੇ ਅਨੁਸਾਰ ਹਨ :-

**1.ਅਜਮੇਰ ਸਿੰਘ ਔਲਖ- ਮੇਰੇ ਸਾਰੇ ਪੂਰੇ ਨਾਟਕ (ਭਾਗ- ਪਹਿਲਾ)**

(i) ਸੱਤ ਬੇਗਾਨੇ

(ii) ਕਿਹਰ ਸਿੰਘ ਦੀ ਮੌਤ

(iii) ਇੱਕ ਸੀ ਦਰਿਆ

(iv) ਸਲਵਾਨ

(v) ਝਨਾਂ ਦੇ ਪਾਣੀ

(vi) ਨਿੱਕੇ ਸੂਰਜਾਂ ਦੀ ਲੜਾਈ

**2. ਅਜਮੇਰ ਸਿੰਘ ਔਲਖ-ਮੇਰੇ ਸਾਰੇ ਪੂਰੇ ਨਾਟਕ (ਭਾਗ- ਦੂਜਾ)**

(i) ਨਿਉਂ – ਜੜ੍ਹ

(ii) ਅਵੇਸਲੇ ਯੁੱਧਾਂ ਦੀ ਨਾਇਕਾ

(iii) ਚਾਨਣ ਦੇ ਵਣਜਾਰੇ

(iv) ਐਸੇ ਜਨ ਵਿਰਲੇ ਸੰਸਾਰੇ

(v) ਤੂੰ ਚਰਖਾ ਘੂਕਦਾ ਰੱਖ ਜ਼ਿੰਦੇ

(vi) ਐਇੰ ਕਿਵੇਂ ਖੋਹਲੋਂਗੇ ਜਮੀਨਾਂ ਸਾਡੀਆਂ?

**3. ਅਜਮੇਰ ਸਿੰਘ ਔਲਖ-ਮੇਰੇ ਸਾਰੇ ਲਘੂ ਨਾਟਕ**

(i) ਅਰਬਦ ਨਰਬਦ ਧੰਦੂਕਾਰਾ

(ii) ਬੇਗਾਨੇ ਬੋਹੜ ਦੀ ਛਾਂ

(iii) ਸੁੱਕੀ ਕੁੱਖ

(iv) ਇੱਕ ਰਮਾਇਣ ਹੋਰ

(v) ਭੱਠ ਖੇੜਿਆਂ ਦਾ ਰਹਿਣਾ

(vi) ਗਾਨੀ

(vii) ਤੇੜਾਂ

(viii) ਲੋਹੇ ਦਾ ਪੁੱਤ

(ix) ਐਇੰ ਨੀ ਹੁਣ ਸਰਨਾ

(x) ਊਂਈ- ਮੂੰਈ ਦਾ ਕੁਸ ਨੀ ਹੁੰਦਾ

(xi) ਕਉਲੇ ਉੱਤੇ ਰੱਖਿਆ ਕੌਲਾ

(xii) ਚੱਲ ਵੀਰਨਾ ਵੇ ਉਥੇ ਪਹੁੰਚੀਏ

(xiii) ਬੰਦ ਬੂਹਿਆਂ ਵਾਲੀ ਨਗਰੀ (ਬਾਲ ਲਘੂ - ਨਾਟਕ)

(xiv) ਪੱਪੂ ਦੀ ਪੈਂਟ (ਬਾਲ ਲਘੂ - ਨਾਟਕ)

**4. ਅਜਮੇਰ ਸਿੰਘ ਔਲਖ -ਮੇਰੇ ਸਾਰੇ ਇਕਾਂਗੀ**

(i) ਬਾਲ ਨਾਥ ਦੇ ਟਿੱਲੇ 'ਤੇ

(ii) ਮਿਰਜ਼ੇ ਦੀ ਮੌਤ

(iii) ਤੂੜੀ ਵਾਲਾ ਕੋਠਾ

(iv) ਜਦੋਂ ਬੋਹਲ ਰੋਂਦੇ ਹਨ

(v) ਅੰਨ੍ਹੇ ਨਿਸ਼ਾਨਚੀ

(vi) ਸਿੱਧਾ ਰਾਹ, ਵਿੰਗਾ ਬੰਦਾ

(vii) ਢਾਂਡਾ

(viii) ਐਸੇ ਰਚਿਉ ਖ਼ਾਲਸਾ

(ix) ਆਪਣਾ- ਆਪਣਾ ਹਿੱਸਾ

(x) ਇਸ਼ਕ ਬਾਝ ਨਮਾਜ਼ ਦਾ ਹੱਜ਼ ਨਾਹੀਂ

(xi) ਹਰਿਉ ਬੂਟ

(xii) ਅੰਨ੍ਹੇਰ- ਕੋਠੜੀ

(xiv) ਹਾਏ ਨੀ ਮਨਮੀਤ ਕੁਰੇ!

ਉਪਰੋਕਤ ਨਾਟ ਰਚਨਾਵਾਂ ਅਜਮੇਰ ਸਿੰਘ ਔਲਖ ਦੁਆਰਾ ਲਿਖੀਆਂ ਗਈਆਂ ਹਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਬਹੁਤ ਸਾਰਥਿਕ ਤੇ ਸ਼ਾਹਕਾਰ ਨਾਟ- ਰਚਨਾਵਾਂ ਪੰਜਾਬੀ ਨਾਟਕ ਦੀ ਝੋਲੀ ਪਾਈਆਂ ਹਨ। ਪੰਜਾਬੀ ਨਾਟਕ ਅਜਮੇਰ ਸਿੰਘ ਔਲਖ ਦਾ ਸਦਾ ਰਿਣੀ ਰਹੇਗਾ। ਉਨ੍ਹਾਂ ਦੁਆਰਾ ਦਿੱਤੀ ਦੇਣ ਸਦਕਾ ਪੰਜਾਬੀ ਨਾਟਕ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਪੰਜਾਬੀ ਨਾਟਕ ਦੇ ਪਾਠਕ ਆਪਣੇ ਆਪ ਨੂੰ ਸਾਹਿਤਕ ਤੌਰ 'ਤੇ ਅਮੀਰ ਮਹਿਸੂਸ ਕਰਨਗੇ।

## *ਹਵਾਲੇ ਅਤੇ ਟਿੱਪਣੀਆਂ*


1. *ਅਜਮੇਰ ਸਿੰਘ ਔਲਖ, ਸਾਹਿਤਕ ਸਵੈਜੀਵਨੀ, ਪੰਨਾ-2.*
2. *ਓਹੀ, ਪੰਨਾ-2.*
3. *ਸਤੀਸ਼ ਕੁਮਾਰ ਵਰਮਾ, ਨਾਟਕਕਾਰਾਂ ਨਾਲ ਸੰਵਾਦ, ਪੰਨਾ-226.*